a2zpapers.com

Sr.No. 13013

Exam Code : 113402
Subject Code : 3790

# Bachelor of Vocation (Journalism & Media) - 2nd Semester
(2519)

## Paper-II (ii) Mudhli Punjabi

Time allowed: 3 hrs. Max. Marks: 50

ਨੋਟ: ਕੁੱਲ ਪੰਜ ਪ੍ਰਸ਼ਨ ਕਰੋ। ਹਰੇਕ ਸੈਕਸ਼ਨ ਵਿੱਚੋਂ ਘੱਟੋ-ਘੱਟ ਇੱਕ ਪ੍ਰਸ਼ਨ ਕਰਨਾ ਜ਼ਰੂਰੀ ਹੈ। ਹਰੇਕ ਪ੍ਰਸ਼ਨ ਦੇ ਅੰਕ ਬਰਾਬਰ ਹਨ।

### ਸੈਕਸ਼ਨ-ਏ

1. ਵਿਸ਼ੇਸ਼ਣ ਦੀ ਪਛਾਣ ਅਤੇ ਵਰਤੋਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿਉ।
2. ਪੰਜਾਬੀ ਕਿਰਿਆ ਵਿਸ਼ੇਸ਼ਣ ਦੀ ਵਿਹਾਰਕ ਵਰਤੋਂ ਬਾਰੇ ਲਿਖੋ ਤੇ ਘੱਟ ਤੋਂ ਘੱਟ ਤਿੰਨ-ਤਿੰਨ ਉਦਾਹਰਨਾਂ ਵੀ ਦਿਉ। (10)

### ਸੈਕਸ਼ਨ-ਬੀ

3. ਸਧਾਰਨ ਜਾਂ ਮਿਸ਼ਰਤ ਵਾਕ ਦੀ ਬਣਤਰ ਅਤੇ ਇਸਦੇ ਤੱਤਾਂ ਬਾਰੇ ਜਾਣਕਾਰੀ ਦਿਉ। (10)
4. ਬਿਆਨੀਆ ਵਾਕ ਜਾਂ ਪ੍ਰਸ਼ਨ ਵਾਚਕ ਵਾਕ ਦੀ ਪਛਾਣ ਅਤੇ ਵਰਤੋ ਬਾਰੇ ਜਾਣਕਾਰੀ ਦਿਉ। (10)

### ਸੈਕਸ਼ਨ-ਸੀ

5. ਕਿਸੇ ਇਕ ਵਿਸ਼ੇ 'ਤੇ ਪੈਰ੍ਹਾ ਰਚਨਾ ਲਿਖੋ।
   i) ਰੁੱਖ ਲਗਾਓ
   ii) ਫੈਸ਼ਨ
   iii) ਮਿੱਤਰਤਾ (10)
6. ਹੇਠ ਲਿਖੇ ਪੈਰ੍ਹੇ ਦੀ ਇਕ-ਤਿਹਾਈ ਸ਼ਬਦਾਂ ਵਿਚ ਸੰਖੇਪ ਰਚਨਾ ਕਰੋ ਅਤੇ ਢੁੱਕਵਾਂ ਸਿਰਲੇਖ ਵੀ ਦਿਓ :-

   ਤੁੱਛ ਬੁੱਧੀ ਵਾਲੇ ਲੋਕਾਂ ਦੇ ਸੁਝਾਵ ਅਤੇ ਆਮ ਕਰਕੇ ਉਪਭਾਵਕਤਾ ਬਹੁਤ ਹੁੰਦੀ ਹੈ। ਨਿੱਜੀ ਘਰੋਗੀ ਮਾਮਲਿਆਂ ਤੋਂ ਲੈ ਕੇ ਕੌਮੀ ਤੇ ਕੌਮਾਂਤਰੀ ਮਾਮਲਿਆ ਤੱਕ ਉਹਨਾਂ ਦੇ ਮਨ ਤੇ ਵਿਚਾਰ ਘਟੀਆ ਤੇ ਅਸ਼ੁੱਧ ਭਾਵਾਂ ਨਾਲ ਭਰੇ ਹੁੰਦੇ ਹਨ। ਉਹਨਾਂ ਦੇ ਨਿੱਜੀ ਦੁਸ਼ਮਣਾਂ, ਉਹਨਾਂ ਦੇ ਸੰਪਰਦਾਇਕ ਤੇ ਸ਼ਰੇਣੀ, ਕੌਮੀ ਹਿੱਤਾਂ ਦੇ, ਜਿਸ ਤਰ੍ਹਾਂ ਉਹ ਇਨ੍ਹਾਂ ਨੂੰ ਸਮਝਦੇ ਹੋਣ, ਵਿਰੋਧੀਆਂ ਵਿਰੁੱਧ ਕੋਈ ਗੱਲ ਹੋਵੇ, ਉਹਨਾਂ ਨੂੰ ਚੰਗੀ ਲੱਗੇਗੀ, ਭਾ ਜਾਏਗੀ। (10)

### ਸੈਕਸ਼ਨ-ਡੀ

7. ਕਿਸੇ ਦਫ਼ਤਰ ਦੇ ਮੁੱਖੀ ਨੂੰ ਕਲਰਕ ਦੀ ਆਸਾਮੀ ਪ੍ਰਾਪਤ ਕਰਨ ਲਈ ਪ੍ਰਾਰਥਨਾ ਪੱਤਰ ਲਿਖੋ।

   ਜਾਂ

   ਛੋਟੇ ਭਰਾ ਨੂੰ ਪੱਤਰ ਲਿਖੋ ਕਿ ਉਹ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿਚ ਹਿੱਸਾ ਲਵੇ। (10)
8. ਹੇਠ ਲਿਖੇ ਅਖਾਣ ਮੁਹਾਵਰਿਆਂ ਵਿਚੋਂ ਕਿਸੇ ਪੰਜ ਨੂੰ ਵਾਕਾਂ ਵਿਚ ਇਸ ਤਰ੍ਹਾਂ ਵਰਤੋ ਕਿ ਅਰਥ ਸਪੱਸ਼ਟ ਹੋ ਜਾਣ :
   i) ਉਂਗਲਾ ਤੇ ਨਚਾਉਣਾ
   ii) ਇੱਜ਼ਤ ਨੂੰ ਵੱਟਾ ਲਾਉਣਾ
   iii) ਉੱਚੀ ਦੁਕਾਨ, ਫਿੱਕਾ ਪਕਵਾਨ
   iv) ਉੱਜੜੇ ਬਾਗਾਂ ਦੇ ਗਾਲ੍ਹੜ ਪਟਵਾਰੀ
   v) ਈਦ ਪਿਛੋਂ ਤੰਬਾ ਫੂਕਣਾ
   vi) ਇਕ ਅਨਾਰ ਸੌ ਬੀਮਾਰ
   vii) ਅੱਜ ਕੱਲ੍ਹ ਕਰਨਾਂ
   viii) ਆਵਾ ਈ ਊਤ ਜਾਣਾ (10)

********

13013(2519)100

www.a2zpapers.com www.a2zpapers.com
Download free old Question papers gndu, ptu hp board, punjab board